NEW ERA PUBLIC SCHOOL RAJBAGH

SOLVED ASSIGNMENT OF UNIT II[nd].

CLASS: 7th SESSION: 2022

SUBJECT: PUNJABI 

ਸ਼ਬਦਾਂ ਦੇ ਅਰਥ

ਸਮਰਾਟ - ਰਾਜਿਆਂ ਦਾ ਰਾਜਾ, ਚੜ੍ਹਾਈ - ਹਮਲਾ, ਘਮਾਸਾਨ - ਗਹਿਗੱਚ, ਵਿਸਤਾਰ - ਫੈਲਾਵ, ਭਿਕਸ਼ੂ - ਭਿਖਿਆ ਮੰਗਣ ਵਾਲਾ, ਉਪਦੇਸ਼ - ਸਿੱਖਿਆ, ਸੁਵਿਧਾ - ਸਹੂਲਤ, ਪ੍ਰਣ - ਪ੍ਰਤਿੱਗਿਆ

ਮੌਖਿਕ ਪ੍ਰਸ਼ਨ

1. ਢਾਈ ਹਜ਼ਾਰ ਵਰ੍ਹੇ ਪਹਿਲਾਂ ਭਾਰਤ 'ਤੇ ਕਿਹੜੇ ਸਮਰਾਟ ਦਾ ਰਾਜ ਸੀ?

ਉ: ਢਾਈ ਹਜ਼ਾਰ ਵਰ੍ਹੇ ਪਹਿਲਾਂ ਭਾਰਤ ਤੇ ਸਮਰਾਟ ਅਸ਼ੋਕ ਦਾ ਰਾਜ ਸੀ।

2. ਰਾਸ਼ਟਰੀ ਝੰਡੇ ਵਿਚਲੇ ਚੱਕਰ ਨੂੰ ਕਿਹੜਾ ਚੱਕਰ ਆਖਦੇ ਹਨ?

ਉ: ਰਾਸ਼ਟਰੀ ਝੰਡੇ ਵਿਚਲੇ ਚੱਕਰ ਨੂੰ 'ਅਸ਼ੋਕ ਚੱਕਰ' ਕਹਿੰਦੇ ਹਨ।

3. ਪਟਨਾ ਦਾ ਪਹਿਲਾ ਨਾਂ ਕੀ ਸੀ?

ਉ: ਪਟਨਾ ਦਾ ਪਹਿਲਾ ਨਾਂ ਪਾਟਲੀਪੁੱਤਰ ਸੀ।

4. ਕਿੱਥੋਂ ਦਾ ਰਾਜਾ ਅਸ਼ੋਕ ਦੇ ਅਧੀਨ ਨਹੀਂ ਸੀ ਹੋਣਾ ਚਾਹੁੰਦਾ?

ਉ: ਕਲਿੰਗਾ ਦਾ ਰਾਜਾ ਅਸ਼ੋਕ ਦੇ ਅਧੀਨ ਨਹੀਂ ਸੀ ਹੋਣਾ ਚਾਹੁੰਦਾ।

5. ਕਲਿੰਗਾ ਦਾ ਰਾਜਾ ਕਿਹੋ ਜਿਹਾ ਸੀ?

ਉ: ਕਲਿੰਗਾ ਦਾ ਰਾਜਾ ਬੜਾ ਦਲੇਰ ਸੀ।

6. "ਮੈਂ ਯੁੱਧ ਨਹੀਂ ਕਰਾਂਗਾ", ਇਹ ਪ੍ਰਣ ਕਿਸ ਨੇ ਕੀਤਾ।

ਉ: "ਮੈਂ ਯੁੱਧ ਨਹੀਂ ਕਰਾਂਗਾ" ਇਹ ਪ੍ਰਣ ਸਮਰਾਟ ਅਸ਼ੋਕ ਨੇ

Scanned with CamScanner

ਕੀਤਾ ।

7. ਧਰਮ ਪ੍ਰਚਾਰ ਲਈ ਅਸ਼ੋਕ ਨੇ ਕੀ ਬਣਵਾਈਆਂ ?

ਉ: ਧਰਮ ਪ੍ਰਚਾਰ ਲਈ ਅਸ਼ੋਕ ਨੇ ਲਾਟਾਂ ਬਣਵਾਈਆਂ ।

8. ਅਸ਼ੋਕ ਦੇ ਰਾਜ ਵਿੱਚ ਜਨਤਾ ਦੀ ਕੀ ਹਾਲਤ ਸੀ ?

ਉ: ਅਸ਼ੋਕ ਦੇ ਰਾਜ ਵਿੱਚ ਜਨਤਾ ਬੜੀ ਸੁਖੀ ਸੀ ।

ਲਿਖਤੀ ਪ੍ਰਸ਼ਨ

1. ਸਾਡੇ ਝੰਡੇ ਵਿਚਲਾ ਚੱਕਰ ਕਿਸ ਰਾਜੇ ਦੀ ਯਾਦ ਦਿਵਾਉਂਦਾ ਹੈ ?

ਉ: ਸਾਡੇ ਰਾਸ਼ਟਰੀ ਝੰਡੇ ਵਿੱਚ ਜੋ ਚੱਕਰ ਬਣਿਆ ਹੋਇਆ ਹੈ ਉਸਨੂੰ 'ਅਸ਼ੋਕ ਚੱਕਰ' ਕਹਿੰਦੇ ਹਨ । ਇਹ ਸਾਨੂੰ ਸਮਰਾਟ ਅਸ਼ੋਕ ਦੀ ਯਾਦ ਦਿਵਾਉਂਦਾ ਹੈ ।

2. ਅਸ਼ੋਕ ਮਹਾਨ ਨੇ ਆਪਣਾ ਰਾਜ ਵਧਾਉਣ ਲਈ ਕਿਹੜੇ ਰਾਜ ਤੇ ਹਮਲਾ ਕੀਤਾ ਤੇ ਕਿਉਂ ?

ਉ: ਅਸ਼ੋਕ ਮਹਾਨ ਨੇ ਆਪਣਾ ਰਾਜਾ ਵਧਾਉਣ ਲਈ ਕਲਿੰਗਾ ਰਾਜ ਤੇ ਹਮਲਾ ਕੀਤਾ। ਸਮਰਾਟ ਅਸ਼ੋਕ ਚਾਹੁੰਦੇ ਸਨ ਕੀ ਕਲਿੰਗਾ ਦਾ ਰਾਜਾ ਉਸ ਦੇ ਅਧੀਨ ਹੋ ਜਾਏ। ਪਰ ਉਹ ਉਸ ਦੇ ਅਧੀਨ ਨਹੀਂ ਸੀ ਹੋਣਾ ਚਾਹੁੰਦਾ।

3. ਕਲਿੰਗਾ ਦੀ ਜੰਗ ਦੀ ਭਿਆਨਕਤਾ ਦੇਖ ਕੇ ਰਾਜੇ ਅਸ਼ੋਕ ਦੇ ਮਨ ਵਿੱਚ ਕਿਹੋ ਜਿਹੇ ਖਿਆਲ ਆਏ ?

ਉ: ਇਸ ਯੁੱਧ ਵਿੱਚ ਅਸ਼ੋਕ ਦਾ ਮਨ ਬਹੁਤ ਦੁਖੀ ਹੋਇਆ। ਉਹ ਯੁੱਧ ਦੇ ਮੈਦਾਨ ਵਿੱਚ ਇਸ ਚਿੰਤਾ ਨਾਲ ਦੁਖੀ ਸੀ। ਇਸ ਤਰ੍ਹਾਂ ਕਦੋਂ ਤੱਕ ਜੀਇਆਂ ਨੂੰ ਮਾਰ 2 ਆਪਣੇ ਰਾਜ ਦਾ ਵਿਸਤਾਰ

Scanned with CamScanner

ਕਰਦੇ ਰਹਾਂਗੇ ।

4, ਮਹਾਰਾਜਾ ਅਸ਼ੋਕ ਨੇ ਕੀ ਪ੍ਰਣ ਕੀਤਾ ।

ਉ: ਮਹਾਰਾਜਾ ਅਸ਼ੋਕ ਨੇ ਇਹ ਪ੍ਰਣ ਕੀਤਾ ਕਿ ਹੁਣ ਮੈਂ ਯੁੱਧ ਨਹੀਂ ਕਰਾਂਗਾ ਅਤੇ ਆਪਣਾ ਸਾਰਾ ਜੀਵਨ ਧਰਮ ਅਤੇ ਮਨੁੱਖੀ ਸੇਵਾ ਵਿੱਚ ਹੀ ਬਤੀਤ ਕਰਾਂਗਾ ।

5, ਮਹਾਰਾਜਾ ਅਸ਼ੋਕ ਕਿਸ ਧਰਮ ਦਾ ਪ੍ਰਚਾਰਕ ਬਣਿਆ ਤੇ ਉਸ ਧਰਮ ਲਈ ਕੀ ਕੀਤਾ ?

ਉ: ਮਹਾਰਾਜਾ ਅਸ਼ੋਕ ਬੋਧ ਧਰਮ ਦਾ ਪ੍ਰਚਾਰਕ ਬਣਿਆ ਅਤੇ ਪੱਥਰ ਦੇ ਥੰਮੇ ਲਗਵਾਏ । ਉਹਨਾਂ ਤੇ ਚੰਗੇ - ਚੰਗੇ ਉਪਦੇਸ਼ ਖੁਦਵਾ ਕੇ ਲੋਕਾਂ ਨੂੰ ਧਰਮ ਪਾਲਣ ਦੀ ਸਿੱਖਿਆ ਦਿੱਤੀ । ਉਹ ਆਪ ਵੀ ਬੋਧ ਧਰਮ ਅਸਥਾਨਾਂ ਦੀ ਯਾਤਰਾ ਕਰਨ ਜਾਂਦੇ ਸਨ ।

2. ਖ਼ਾਲੀ ਥਾਂਵਾਂ ਭਰੋ :(ਉੱਤਰ)

1. ਸਮਰਾਟ ਅਸ਼ੋਕ
2. ਅਸ਼ੋਕ ਚੱਕਰ
3. ਪਾਟਲੀਪੁੱਤਰ
4. ਅਧੀਨ
5. ਪ੍ਰਣ
6. ਬੜੀ ਸੁਖੀ

3. ਸਹੀ ਵਾਕ ਅੱਗੇ (V) ਅਤੇ ਗਲਤ ਅੱਗੇ (V) ਦਾ ਨਿਸ਼ਾਨ ਲਾਓ :

| | | |
|---|---|---|
| 1. X | 4. ✓ | 7. X |
| 2. ✓ | 5. X | 8. ✓ |
| 3. X | 6. ✓ | |

Scanned with CamScanner

## ਵਿਆਕਰਨ :

ਪ੍ਰ: ਪੁਰਖਵਾਚਕ ਪੜਨਾਂਵ ਕਿਸ ਨੂੰ ਕਹਿੰਦੇ ਹਨ ?

ਉ: ਉਹ ਸ਼ਬਦ ਜਿਹੜੇ ਪੁਰਖ ਦੀ ਥਾਂ 'ਤੇ ਵਰਤੇ ਜਾਣ, ਉਹਨਾਂ ਨੂੰ ਪੁਰਖਵਾਚਕ ਪੜਨਾਂਵ ਕਹਿੰਦੇ ਹਨ ।

ਪੁਰਖ ਵਾਚਕ ਪੜਨਾਂਵ ਤਿੰਨ ਕਿਸਮ ਦੇ ਹੁੰਦੇ ਹਨ ।

1. ਉੱਤਮ ਪੁਰਖ ਪੜਨਾਂਵ : ਜਿਸ ਨਾਲ ਗੱਲ ਕੀਤੀ ਜਾਵੇ, ਜਿਵੇਂ- ਮੈਂ, ਮੈਨੂੰ, ਅਸੀਂ, ਸਾਡਾ, ਸਾਨੂੰ ਆਦਿ ।

2. ਮੱਧਮ ਪੁਰਖ ਪੜਨਾਂਵ : ਜਿਸ ਨਾਲ ਗੱਲ ਕੀਤੀ ਜਾਵੇ, ਜਿਵੇਂ - ਤੂੰ, ਤੁਸੀਂ, ਤੁਹਾਨੂੰ, ਤੁਹਾਡਾ, ਤੇਰਾ ਆਦਿ ।

3. ਅਨਯ ਪੁਰਖ ਪੜਨਾਂਵ : ਜਿਸ ਬਾਰੇ ਗੱਲ ਕੀਤੀ ਜਾਵੇ, ਜਿਵੇਂ - ਉਹ, ਉਸ, ਉਹਨਾਂ ਆਦਿ ।

Scanned with CamScanner

# ਪਾਠ 4.

## ਬੁਲਬੁਲ ਤੇ ਜੁਗਨੂੰ

ਕੀਰਨੇ ਪਾਉਣਾ - ਵਿਰਲਾਪ ਕਰਨਾ, ਹੰਝੂ - ਅੱਥਰੂ, ਤਰਕਾਲਾਂ - ਸ਼ਾਮਾਂ, ਅੰਬਰੀਂ - ਆਸਮਾਨ ਵਿੱਚ, ਸ਼ੁਕਰਗੁਜ਼ਾਰ - ਧੰਨਵਾਦੀ, ਪਰ-ਉਪਕਾਰ - ਕਿਸੇ ਲਈ ਕੀਤੀ ਭਲਾਈ, ਵਿਥਿਆ - ਕਹਾਣੀ

ਮੌਖਿਕ ਪ੍ਰਸ਼ਨ

1. ਬੁਲਬੁਲ ਕਿੱਥੇ ਬੈਠੀ ਸੀ?

ਉ: ਬੁਲਬੁਲ ਟਾਹਣੀ ਉੱਤੇ ਬੈਠੀ ਸੀ।

2. ਬੁਲਬੁਲ ਕਿੱਥੇ ਜਾਣ ਬਾਰੇ ਸੋਚ ਰਹੀ ਸੀ?

ਉ: ਬੁਲਬੁਲ ਘਰ ਜਾਣ ਬਾਰੇ ਸੋਚ ਰਹੀ ਸੀ।

3. ਦਿਨ ਢਲਣ ਤੋਂ ਬਾਅਦ ਕੀ ਪੈਂਦੀਆਂ ਹਨ?

ਉ: ਦਿਨ ਢਲਣ ਤੋਂ ਬਾਅਦ ਤਰਕਾਲਾਂ ਪੈਂਦੀਆਂ ਹਨ।

4. ਤਰਕਾਲਾਂ ਨੂੰ ਕੀ ਹੋ ਜਾਂਦਾ ਹੈ?

ਉ: ਤਰਕਾਲਾਂ ਨੂੰ ਹਨੇਰਾ ਹੋ ਜਾਂਦਾ ਹੈ।

5. ਬੁਲਬੁਲ ਦਾ ਵਿਰਲਾਪ ਸੁਣ ਕੇ ਕੌਣ ਬੋਲ ਪਿਆ?

ਉ: ਬੁਲਬੁਲ ਦਾ ਵਿਰਲਾਪ ਸੁਣ ਕੇ ਜੁਗਨੂੰ ਬੋਲ ਪਿਆ।

6. ਜੁਗਨੂੰ ਨੇ ਉਸਨੂੰ ਕੀ ਦਿੱਤਾ?

ਉ: ਜੁਗਨੂੰ ਨੇ ਉਸਨੂੰ ਧੀਰਜ ਦਿੱਤਾ।

7. ਜੁਗਨੂੰ ਨੂੰ ਪ੍ਰਭੂ ਵੱਲੋਂ ਕੀ ਮਿਲਿਆ ਹੈ?

ਉ: ਜੁਗਨੂੰ ਨੂੰ ਪ੍ਰਭੂ ਵੱਲੋਂ ਰੋਸ਼ਨੀ ਦਾ ਦੀਵਾ ਮਿਲਿਆ ਹੈ।

8. ਬੁਲਬੁਲ ਕਿਸ ਦੇ ਪਿੱਛੇ ਲੱਗ ਤੁਰੀ?

ਉ: ਬੁਲਬੁਲ ਜੁਗਨੂੰ ਦੇ ਪਿੱਛੇ ਲੱਗ ਤੁਰੀ।

Scanned with CamScanner

2. ਲਿਖਤੀ ਪ੍ਰਸ਼ਨ :

1. ਬੁਲਬੁਲ ਟਾਹਣੀ ਤੇ ਬੈਠੀ ਕਿਉਂ ਰੋ ਰਹੀ ਸੀ ?

ਉ: ਬੁਲਬੁਲ ਟਾਹਣੀ ਤੇ ਬੈਠੀ ਘਰ ਜਾਣ ਲਈ ਰੋ ਰਹੀ ਸੀ।

2. ਬੁਲਬੁਲ ਦੀ ਫ਼ਰਿਆਦ ਸੁਣ ਕੇ ਮਦਦ ਲਈ ਕੌਣ ਅੱਗੇ ਆਇਆ ਤੇ ਉਸ ਨੇ ਬੁਲਬੁਲ ਦੀ ਕੀ ਮਦਦ ਕੀਤੀ ?

ਉ: ਬੁਲਬੁਲ ਦੀ ਫ਼ਰਿਆਦ ਸੁਣ ਕੇ ਮਦਦ ਲਈ ਜੁਗਨੂੰ ਅੱਗੇ ਆਇਆ ਤੇ ਉਸ ਨੇ ਬੁਲਬੁਲ ਨੂੰ ਘਰ ਪਹੁੰਚਾਣ ਦੀ ਮਦਦ ਕੀਤੀ।

3. ਜੁਗਨੂੰ ਦੇ ਕੋਲ ਕੁਦਰਤ ਵੱਲੋਂ ਮਿੱਲੀ ਕਿਹੜੀ ਦਾਤ ਹੈ ਤੇ ਉਸ ਨੇ ਇਸ ਦਾਤ ਨੂੰ ਕਿਵੇਂ ਵਰਤਿਆ ?

ਉ: ਜੁਗਨੂੰ ਦੇ ਕੋਲ ਕੁਦਰਤ ਵੱਲੋਂ ਰੋਸ਼ਨੀ ਦੀ ਦਾਤ ਹੈ। ਤੇ ਉਸਨੇ ਉਹ ਦਾਤ ਬੁਲਬੁਲ ਨੂੰ ਘਰ ਪਹੁੰਚਾ ਕੇ ਵਰਤਿਆ।

4. ਇਸ ਕਵਿਤਾ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?

ਉ: ਇਸ ਕਵਿਤਾ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕੀ ਸਾਨੂੰ ਹਰ ਕਿਸੇ ਦੀ ਮਦਦ ਕਰਨੀ ਚਾਹੀਦੀ ਹੈ।

3. ਇੱਕੋ ਜਿਹੀ ਲੈਅ ਵਾਲੇ ਸ਼ਬਦ ਲਿਖੋ :

1. ਤਾਰੇ - ਹਾਰੇ - ਸਾਰੇ    3. ਫੈਲਾਵਾਂਗਾ ਆਵਾਂਗਾ - ਜਾਵਾਂਗਾ

2. ਸ਼ਾਮ - ਧਾਮ - ਨਾਮ    4. ਦਿੱਖਿਆ - ਸਿਖਿਆ - ਸਿੱਖਿਆ

Scanned with CamScanner

ਪ. ਸਹੀ ਵਾਕ ਅੱਗੇ (✓) ਅਤੇ ਗ਼ਲਤ ਅੱਗੇ (x) ਦਾ ਨਿਸ਼ਾਨ ਲਾਓ : (ਉੱਤਰ)

1. ✓ 5. x
2. ✓ 6. ✓
3 ✓ 7. x
4. ✓ 8. ✓

ਪ੍ਰ० : ਵਿਆਕਰਨ ਦੇ ਕਿੰਨੇ ਭਾਗ ਹਨ ?

ਉ: ਵਿਆਕਰਨ ਦੇ ਚਾਰ ਭਾਗ ਹੁੰਦੇ ਹਨ।

1. ਅੱਖਰ ਜਾ ਧੁਨੀ-ਬੋਧ 2. ਸ਼ਬਦ-ਬੋਧ
3. ਵਾਕ-ਬੋਧ 4. ਅਰਥ-ਬੋਧ

1. ਧੁਨੀ-ਬੋਧ : ਜਿਸ ਰਾਹੀਂ ਸਾਨੂੰ ਅੱਖਰਾਂ, ਲਗਾਂ ਅਤੇ ਲਗਾਂ ਅਤੇ ਲਗਾਖਰਾਂ ਦੇ ਨਿਯਮਾਂ ਦੀ ਜਾਣਕਾਰੀ ਮਿਲਦੀ ਹੈ।

2. ਸ਼ਬਦ-ਬੋਧ :- ਜਿਸ ਰਾਹੀਂ ਸ਼ਬਦ, ਸ਼ਬਦ-ਰਚਨਾ ਅਤੇ ਰੂਪਾਂਤਰਨ ਦੀ ਜਾਣਕਾਰੀ ਮਿਲਦੀ ਹੈ।

3. ਵਾਕ-ਬੋਧ :- ਜਿਸ ਰਾਹੀਂ ਵਾਕ-ਰਚਨਾ, ਵਾਕ-ਵਟਾਂਦਰਾ ਅਤੇ ਵਾਕਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਮਿਲਦੀ ਹੈ।

4. ਅਰਥ-ਬੋਧ : ਅਰਥ-ਬੋਧ ਰਾਹੀਂ ਵਿਰੋਧੀ ਸ਼ਬਦਾਂ, ਸਮਾਨਾਰਥਕ ਸ਼ਬਦਾਂ ਅਤੇ ਬਹੁ-ਅਰਥਕ ਸ਼ਬਦਾਂ ਬਾਰੇ ਜਾਣਕਾਰੀ ਮਿਲਦੀ ਹੈ।

——— o ———

Scanned with CamScanner